7537-A LicensingPunj 24/8/05 11:55 am Page 1

Department for Culture, Media and Sport

dcms

# ਲਾਇਸੈਂਸਿੰਗ ਐਕਟ 2003
(Licensing Act 2003)

## ਨਵਾਂ ਲਾਇਸੈਂਸਿੰਗ ਕਾਨੂੰਨ

## ਆਪਣੇ ਬਿਜ਼ਨਸ ਨੂੰ ਖ਼ਤਰੇ ਵਿੱਚ ਨਾ ਪਾਓ

## ਆਪਣੇ ਨਵੇਂ ਲਾਇਸੈਂਸ ਲਈ **ਹੁਣੇ** ਅਪਲਾਈ ਕਰੋ

## ਕੀ ਨਵਾਂ ਕਾਨੂੰਨ ਮੇਰੇ ਬਿਜ਼ਨਸ ਨੂੰ ਪ੍ਰਭਾਵਿਤ ਕਰਦਾ ਹੈ?

**ਜੇ ਤੁਸੀਂ ਜਾਂ ਤੁਹਾਡਾ ਬਿਜ਼ਨਸ:**

- ਅਲਕੋਹਲ (ਸ਼ਰਾਬ) ਵੇਚਦੇ ਹੋ
- ਪਬਲਿਕ ਮਨੋਰੰਜਨ ਮੁਹੱਈਆ ਕਰਦੇ ਹੋ, ਜਿਵੇਂ ਕਿ ਲਾਈਵ (ਸਿੱਧਾ) ਸੰਗੀਤ, ਥਿਏਟਰ ਜਾਂ ਸਿਨੇਮਾ
- ਰਾਤ 11 ਵਜੇ ਤੋਂ ਬਾਅਦ ਗਰਮ ਖਾਣਾ ਜਾਂ ਪੀਣ ਦੀਆਂ ਚੀਜ਼ਾਂ ਵੇਚਦੇ ਹ

**ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਨਵੇਂ ਲਾਇਸੈਂਸ ਜਾਂ ਸਰਟੀਫ਼ਿਕੇਟ ਲਈ ਅਪਲਾਈ ਕਰੋ, ਭਾਵੇਂ:**

- ਤੁਹਾਡੇ ਕੋਲ ਮੌਜੂਦਾ ਲਾਇਸੈਂਸ ਹ
- ਅਜੇ ਤੁਹਾਡੇ ਲਾਇਸੈਂਸ ਨੂੰ ਨਵਾਂ ਕਰਵਾਉਣ ਦਾ ਸਮਾਂ ਨਹੀਂ ਆਇਆ ਹੈ
- ਇਸ ਸਮੇਂ ਤੁਹਾਨੂੰ ਲਾਇਸੈਂਸ ਦੀ ਲੋੜ ਨਹੀਂ ਹੈ (ਜਿਵੇਂ ਕਿ ਦੇਰ ਰਾਤ ਦੇ ਸਮੇਂ ਟੇਕ-ਅਵੇ ਭੋਜਨ)

ਕੰਮ ਜਾਰੀ ਰੱਖਣ ਲਈ ਹਰ ਬਿਜ਼ਨਸ ਜਾਂ ਸੰਗਠਨ ਲਈ ਜ਼ਰੂਰੀ ਹੈ ਕਿ ਉਹ ਨਵਾਂ ਲਾਇਸੈਂਸ ਲੈ ਲਵੇ। ਕੁਝ ਬਿਜ਼ਨਸਾਂ ਨੂੰ ਪਹਿਲੀ ਵਾਰ ਕਿਸੇ ਲਾਇਸੈਂਸ ਦੀ ਲੋੜ ਪਵੇਗੀ।

**ਦੇਰ ਨਾ ਕਰੋ - 24 ਨਵੰਬਰ 2005 ਤਕ ਤੁਹਾਡੇ ਕੋਲ ਤੁਹਾਡਾ ਨਵਾਂ ਲਾਇਸੈਂਸ ਜ਼ਰੂਰ ਹੋਣਾ ਚਾਹੀਦਾ ਹੈ। ਐਪਲੀਕੇਸ਼ਨ ਦੀ ਕਾਰਵਾਈ ਵਿੱਚ ਸਮਾਂ ਲੱਗੇਗਾ, ਇਸ ਲਈ ਤੁਹਾਨੂੰ ਹੁਣੇ ਹੀ ਅਪਲਾਈ ਜ਼ਰੂਰ ਕਰ ਦੇਣਾ ਚਾਹੀਦਾ ਹੈ। ਜੇ ਤੁਸੀਂ ਜ਼ਿਆਦਾ ਦੇਰ ਕਰਦੇ ਹੋ, ਤਾਂ ਤੁਸੀਂ ਤੁਹਾਡਾ ਬਿਜ਼ਨਸ ਬੰਦ ਹੋਣ ਜਾਂ ਕਾਨੂੰਨੀ ਕਾਰਵਾਈ ਦਾ ਖ਼ਤਰਾ ਲੈ ਰਹੇ ਹੋ।**

## ਜੇ ਤੁਹਾਡੇ ਕੋਲ ਮੌਜੂਦਾ ਲਾਇਸੈਂਸ ਹੈ;

ਤੁਹਾਡੇ ਮੌਜੂਦਾ ਲਾਇਸੈਂਸ ਦੀਆਂ ਸ਼ਰਤਾਂ ਨੂੰ ਬਣਾਏ ਰੱਖਣ ਦੀ 6 ਅਗਸਤ ਦੀ ਤਾਰੀਖ਼ ਹੁਣ ਲੰਘ ਗਈ ਹੈ। **ਜੇ ਤੁਸੀਂ ਵਪਾਰ ਕਰਨਾ ਜਾਰੀ ਰੱਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਹੁਣ ਨਵੇਂ ਲਾਇਸੈਂਸ ਲਈ ਅਪਲਾਈ ਜ਼ਰੂਰ ਕਰਨਾ ਚਾਹੀਦਾ ਹੈ। ਸਾਰੇ ਮੌਜੂਦਾ ਲਾਇਸੈਂਸ 24 ਨਵੰਬਰ ਨੂੰ ਖ਼ਤਮ ਹੋ ਜਾਣਗੇ।**

## ਜੇ ਤੁਹਾਡੇ ਕੋਲ ਕੋਈ ਲਾਇਸੈਂਸ ਨਹੀਂ ਹੈ ਪਰ ਤੁਸੀਂ ਉੱਪਰ ਦੱਸੇ ਗਏ ਕੰਮਾਂ ਵਿਚੋਂ ਕੋਈ ਕੰਮ ਕਰਦੇ ਹੋ;

**ਤਾਂ ਹੁਣ ਤੁਹਾਨੂੰ ਲਾਇਸੈਂਸ ਲਈ ਅਪਲਾਈ ਜ਼ਰੂਰ ਕਰਨਾ ਚਾਹੀਦਾ ਹੈ। ਜੇ 24 ਨਵੰਬਰ ਨੂੰ ਨਵਾਂ ਕਾਨੂੰਨ ਲਾਗੂ ਹੋਣ 'ਤੇ ਤੁਹਾਡੇ ਕੋਲ ਲਾਇਸੈਂਸ ਨਹੀਂ ਹੋਵੇਗਾ, ਤਾਂ ਤੁਸੀਂ ਗੈਰ-ਕਾਨੂੰਨੀ ਰੂਪ ਵਿੱਚ ਕੰਮ ਕਰ ਰਹੇ ਹੋਵੋਗੇ।**

## ਮੈਂ ਕਿਵੇਂ ਅਪਲਾਈ ਕਰਾਂ?

ਐਪਲੀਕੇਸ਼ਨ ਫ਼ਾਰਮ ਲੈਣ ਲਈ, ਆਪਣੀ **ਲੋਕਲ ਅਥਾੱਰਿਟੀ ਲਾਇਸੈਂਸਿੰਗ ਟੀਮ** ਨੂੰ ਸੰਪਰਕ ਕਰੋ।

**ਲਾਇਸੈਂਸ ਲਈ ਅਪਲਾਈ ਕਰਨ ਬਾਰੇ ਮਦਦ ਲਈ ਜਾਂ ਇਹ ਪਤਾ ਕਰਨ ਲਈ ਕਿ ਕੀ ਤੁਹਾਨੂੰ ਲਾਇਸੈਂਸ ਦੀ ਲੋੜ ਹੈ, ਲਾਇਸੈਂਸਿੰਗ ਐਕਟ ਇਨਫ਼ਾੱਰਮੇਸ਼ਨ ਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰੋ: 020 7072 7447 (ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 8.30 ਤੋਂ ਸ਼ਾਮ 5.30 ਵਜੇ ਤਕ, ਕਾਲਾਂ ਦਾ ਚਾਰਜ ਸਟੈਂਡਰਡ ਦਰ 'ਤੇ ਲੱਗਦਾ ਹੈ)**

## ਨਵੇਂ ਕਾਨੂੰਨ ਤੋਂ ਪ੍ਰਭਾਵਿਤ ਹੋਣ ਵਾਲੇ ਬਿਜ਼ਨਸਾਂ ਵਿੱਚ ਸ਼ਾਮਲ ਹਨ:

ਰੈਸਟਰਾਂ
ਦੇਰ ਰਾਤ ਤਕ ਚੱਲਣ ਵਾਲੇ ਟੇਕ-ਅਵੇ
ਆੱਫ਼ ਲਾਇਸੈਂਸ
ਕਨਵੀਨੰਸ ਸਟੋਰ
ਹੋਟਲ ਅਤੇ ਗੈਸਟਹਾਊਸ
ਵਿਲੇਜ ਜਾਂ ਕਮਿਉਨਿਟੀ ਹਾਲ
ਥਿਏਟਰ
ਕਨਸਰਟ ਹਾਲ ਅਤੇ ਸੰਗੀਤ ਦੇ ਸਥਾਨ
ਇਨਡੋਰ ਖੇਡਾਂ ਦੇ ਸਥਾਨ ਅਤੇ ਸੈਂਟਰ
ਮਨੋਰੰਜਨ ਬੋਟਾਂ (ਕਿਸ਼ਤੀਆਂ) ਅਤੇ ਦੂਜੇ ਪਾਣੀ ਦੇ ਜਹਾਜ਼
ਮੈਂਬਰਾਂ ਦੇ ਕਲੱਬ
ਸਿਨੇਮਾ
ਪੱਬ ਅਤੇ ਬਾਰ
ਨਾਈਟ ਕਲੱਬ
ਸੁਪਰਮਾਰਕੀਟਾਂ

**ਇਹ ਪੂਰੀ ਸੂਚੀ ਨਹੀਂ ਹੈ। ਜੇ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਕੀ ਤੁਹਾਨੂੰ ਲਾਇਸੈਂਸ ਦੀ ਲੋੜ ਹੈ, ਤਾਂ ਸਲਾਹ ਲਈ ਇਨਫ਼ਾੱਰਮੇਸ਼ਨ ਲਾਈਨ ਨੂੰ ਜਾਂ ਆਪਣੀ ਲੋਕਲ ਅਥਾੱਰਿਟੀ ਨੂੰ ਸੰਪਰਕ ਕਰੋ।**

**ਕੰਮ ਬੰਦ ਹੋਣ ਜਾਂ ਕਾਨੂੰਨੀ ਕਾਰਵਾਈ ਦਾ ਖ਼ਤਰਾ ਨਾ ਲਵੋ ਹੁਣੇ ਹੀ ਲਾਇਸੈਂਸ ਲਈ ਅਪਲਾਈ ਕਰੋ।**

# ਸੰਪਰਕ ਕਰਨ ਦੀ ਜਾਣਕਾਰੀ

Punjabi